**ਹੋਰ ਪਛੜੀਆਂ ਸ਼੍ਰੇਣੀਆਂ ਦੇ ਲੜਕਿਆਂ ਅਤੇ ਲੜਕੀਆਂ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਹੋਸਟਲਾਂ ਦੀ ਉਸਾਰੀ ਕਰਨ ਬਾਰੇ (ਸਟੇਟ ਪਲਾਨ) (ਸੀ.ਐਸ.ਐਸ. 50:50 ਅਧਾਰ ਤੇ)**

**ਮੰਤਵ**

ਇਸ ਸਕੀਮ ਦਾ ਮੰਤਵ ਹੋਰ ਪਛੜੀਆਂ ਸ਼੍ਰੇਣੀਆਂ ਦੇ ਲੜਕਿਆਂ ਅਤੇ ਲੜਕੀਆਂ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ ਮੁਹੱਈਆ ਕਰਨਾ ਹੈ। ਇਹ ਸਕੀਮ ਭਾਰਤ ਸਰਕਾਰ ਦੁਆਰਾ ਨੌਵੀਂ ਪੰਜ ਸਾਲਾ ਯੋਜਨਾ (1997-2002) ਵਿੱਚ ਸ਼ੁਰੂ ਕੀਤੀ ਗਈ ਸੀ। ਵਿਦਿਅਕ ਸੰਸਥਾਵਾਂ ਨੂੰ ਨਵੇਂ ਹੋਸਟਲਾਂ ਦੀ ਉਸਾਰੀ ਲਈ ਅਤੇ ਮੌਜੂਦ ਹੋਸਟਲਾਂ ਦੇ ਵਾਧੇ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ ਤਾਂ ਜੋ ਹੋਰ ਪਛੜੀਆਂ ਸ਼੍ਰੇਣੀਆਂ ਦੇ ਲੜਕੇ ਅਤੇ ਲੜਕੀਆਂ ਵਿਦਿਆਰਥੀਆਂ ਨੂੰ ਲਾਭ ਮਿਲ ਸਕੇ।

**ਫੰਡਿੰਗ ਪ੍ਰਣਾਲੀ**

ਇਹ ਕੇਂਦਰ ਦੁਆਰਾ ਆਯੋਜਿਤ ਸਕੀਮ ਹੈ ਅਤੇ 50:50 ਦੇ ਅਨੁਪਾਤ ਵਿੱਚ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੁਆਰਾ ਫੰਡ ਦਿੱਤੇ ਜਾਣਗੇ।

**ਯੋਗਤਾ**

ਇਸ ਸਕੀਮ ਅਧੀਨ ਮਿਡਲ, ਸੈਕੰਡਰੀ, ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਪੜ੍ਹਾਈ ਤੱਕ ਦੇ ਪੱਧਰ ਲਈ ਹੋਸਟਲ ਉਸਾਰੇ ਜਾਣਗੇ। ਭਾਰਤ ਸਰਕਾਰ ਦੀਆਂ ਜਾਰੀ ਕੀਤੀਆ ਗਾਈਡ-ਲਾਈਨਜ਼ ਅਨੁਸਾਰ ਹੋਸਟਲ ਬਿਲਡਿੰਗ ਦੀ ਉਸਾਰੀ ਲਈ ਲਾਗਤ ਦੀ ਕੇਂਦਰੀ ਸਹਾਇਤਾ ਦੀ ਮੰਗ ਰਾਜ/ਯੂ.ਟੀ. ਪੀ.ਡਬਲਿਊ.ਡੀ/ਸੀ.ਪੀ.ਡਬਲਿਊ.ਡੀ ਦੇ ਨਿਰਧਾਰਤ ਰੇਟ ਦੇ ਅਧਾਰ ਤੇ ਕੱਢ ਕੇ ਕੀਤੀ ਜਾਣੀ ਚਾਹੀਦੀ ਹੈ।

ਇਸ ਸਕੀਮ ਅਧੀਨ ਹਰ ਇੱਕ ਹੋਸਟਲ ਵਿੱਚ ਜਿਨ੍ਹਾਂ ਲੜਕੇ/ਲੜਕੀਆਂ ਨੂੰ ਰਿਹਾਇਸ਼ ਮੁਹੱਈਆ ਕਰਵਾਉਣੀ ਹੈ ਉਨ੍ਹਾਂ ਦੀ ਗਿਣਤੀ 100 ਤੋਂ ਵੱਧ ਨਹੀਂ ਹੋਣੀ ਚਾਹੀਦੀ।

ਜਿਹੜੇ ਹੋਸਟਲ ਹੋਰ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਉਸਾਰੇ ਗਏ ਹਨ, ਉਨ੍ਹਾਂ ਹੋਸਟਲਾਂ ਵਿੱਚ ਕੁੱਲ ਸੀਟਾਂ ਵਿੱਚੋਂ 5% ਸੀਟਾਂ ਅਪੰਗ ਵਿਦਿਆਰਥੀਆਂ ਲਈ ਰਾਖਵੀਆਂ ਹੋਣਗੀਆਂ।

**ਹੇਠ ਲਿਖੇ ਸੰਗਠਨ ਸਹਾਇਤਾ ਪ੍ਰਾਪਤ ਕਰਨ ਲਈ ਯੋਗ ਹੋਣਗੇ:-**

(i) ਰਾਜ ਸਰਕਾਰ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਨਾਲ ਸਬੰਧਿਤ,

(ii) ਸਰਕਾਰ ਦੁਆਰਾ ਸਥਾਪਿਤ ਅਦਾਰੇ ਜਾਂ ਸੰਗਠਨ ਜਾਂ ਰਾਜ ਦੀਆਂ ਖੁਦਮੁਖਤਿਆਰ ਬਾਡੀਜ਼ ਜਾਂ ਰਜਿਸਟ੍ਰੇਸ਼ਨ ਆਫ ਸੁਸਾਇਟੀ ਐਕਟ, 1860 ਅਧੀਨ ਜਾਂ ਹੋਰ ਰਜਿਸਟਰਡ ਸੰਸਥਾਵਾਂ,

(iii) ਕੇਂਦਰ ਸਰਕਾਰ/ਰਾਜ ਸਰਕਾਰ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਉਨ੍ਹਾਂ ਦੇ ਅਧੀਨ ਵਿਦਿਅਕ ਅਤੇ ਹੋਰ ਅਦਾਰੇ।